
# ਆਪਣੇ ਹੱਕਾਂ ਨੂੰ ਜਾਣੋਂ (ਕੰਮ ਕਰਨ ਦੀ ਜਗ੍ਹਾ ਤੇ ਅਸ਼ਲੀਲ ਹਰਕਤ)




ਕੀ ਤੁਹਾਨੂੰ ਤੁਹਾਡੇ ਕੰਮ ਦੀ ਜਗ੍ਹਾ ਤੇ ਕਦੀ ਅਸ਼ਲੀਲ ਹਰਕਤ ਕਰਕੇ ਪਰੇਸ਼ਾਨ ਕੀਤਾ ਗਿਆ ਹੈ ਸਮੇਤ ਤੁਹਾਡੇ ਬੌਸ, ਸਹਿਕਰਮੀ, ਸੇਵਾ ਪ੍ਰਦਾਨ ਕਰਨ ਵਾਲੇ ਜਾਂ ਗਾਹਕ ਵੱਲੋਂ ?ਕੀ ਤੁਸੀਂ ਆਪਣੇ ਕੰਮ ਦੀ ਜਗ੍ਹਾ ਤੇ ਲਿੰਗ (ਸੈਕਸ) ਸੰਬੰਧੀ ਵਿਸ਼ੇ ਤੇ ਕਿਸੇ ਪੋਸਟਰ ਜਾਂ ਵਿਚਾਰ ਵਟਾਂਦਰੇ ਦੇ ਦੌਰਾਨ ਅਸਹਿਜ ਮਹਿਸੂਸ ਕੀਤਾ ਹੈ । ਲਿੰਗ ਭੇਦ ਅਧਿਆਦੇਸ਼ (SDO) ਤੁਹਾਨੂੰ ਅਸ਼ਲੀਲ ਹਰਕਤ ਤੋਂ ਹੋਣ ਵਾਲੀ ਪਰੇਸ਼ਾਨੀ ਅਤੇ ਪ੍ਰਤੀਕੂਲ/ਦੁਸ਼ਮਣੀ ਭਰੇ ਵਾਤਾਵਰਣ ਤੋਂ ਸੁਰੱਖਿਆ ਪ੍ਰਦਾਨ ਕਰਦਾ ਹੈ

## ਕੀ ਤੁਹਾਡੇ ਕੰਮ ਦੀ ਜਗ੍ਹਾ ਤੇ ਇਹਨਾਂ ਗੱਲਾਂ ਵਿੱਚੋਂ ਕੋਈ ਵੀ ਗੱਲ ਵਾਪਰੀ ਹੈ ?

- ਕਿਸੇ ਨੇ ਤੁਹਾਡੀ ਦਿੱਖ ਉੱਤੇ ਕੋਈ ਅਸ਼ਲੀਲ ਟਿੱਪਣੀ ਕੀਤੀ ਹੈ ਜੋ ਕਿ ਤੁਹਾਡੇ ਲਈ ਅਪਮਾਨਜਨਕ ਜਾਂ ਡਰਾਉਣ ਵਾਲੀ ਹੈ ।
- ਕਿਸੇ ਨੇ ਤੁਹਾਨੂੰ ਅਸ਼ਲੀਲ ਤਰੀਕੇ ਨਾਲ ਛੂਹਿਆ ਹੈ ਜਦਕਿ ਤੁਸੀਂ ਨਹੀਂ ਚਾਹੁੰਦੇ ਸੀ ਕਿ ਉਹ ਤੁਹਾਨੂੰ ਛੂਹਣ।
- ਕਿਸੇ ਨੇ ਤੁਹਾਡੇ ਨਾਲ ਬੇਹੁਦਾ ਅਸ਼ਲੀਲ ਤਰੀਕੇ ਨਾਲ ਹਰਕਤ ਕੀਤੀ ਹੈ ਜਿਸ ਦਾ ਤੁਸੀਂ ਸਵਾਗਤ ਨਹੀਂ ਕਰ ਸਕਦੇ ।
- ਕਿਸੇ ਨੇ ਤੁਹਾਨੂੰ ਜਾਂ ਤੁਹਾਡੇ ਆਸਪਾਸ ਅਸ਼ਲੀਲ ਚੁਟਕਲੇ ਸੁਣਾਏ ਹਨ ਜਾਂ ਕੋਈ ਅਸ਼ਲੀਲ ਗੱਲਾਂ ਕਹੀਆਂ ਹਨ ਜੋ ਤੁਹਾਨੂੰ ਪਸੰਦ ਨਹੀਂ ਆਈਆਂ ।
- ਕਿਸੇ ਨੇ ਤੁਹਾਨੂੰ ਅਸ਼ਲੀਲ ਤਸਵੀਰਾਂ ਦਿਖਾਈਆਂ ਹਨ ਜਿਸ ਨੂੰ ਦੇਖ ਕੇ ਤੁਹਾਨੂੰ ਸ਼ਰਮਿੰਦਗੀ ਮਹਿਸੂਸ ਹੋਈ ਹੈ।
- ਕਿਸੇ ਨੇ ਤੁਹਾਡੇ ਨਾਲ ਅਸ਼ਲੀਲ ਹਰਕਤ ਕੀਤੀ ਹੈ ਜਦੋਂ ਕਿ ਤੁਸੀਂ ਉਸਨੂੰ ਕੋਈ ਚੀਜ ,ਸਹੂਲਤ ਜਾਂ ਕੋਈ ਸੇਵਾ ਪ੍ਰਦਾਨ ਕਰ ਰਹੇ ਸੀ ।

ਤੁਸੀਂ ਇਕੱਲੇ ਨਹੀਂ ਹੋ । ਹਰ ਸਾਲ ਬਹੁਤ ਸਾਰੇ ਲੋਕ ਅਸ਼ਲੀਲ ਹਰਕਤ ਦਾ ਸ਼ਿਕਾਰ ਹੁੰਦੇ ਹਨ। ਇਹ ਕੇਵਲ ਸ਼ਰਮਸਾਰ ਕਰਨ ਵਾਲੀ ਜਾਂ ਪਰੇਸ਼ਾਨ ਕਰਨਵਾਲੀ ਹਰਕਤ ਨਹੀਂ ਹੈ । ਇਹ ਗੈਰ ਕਾਨੂੰਨੀ ਵੀ ਹੈ ।

## ਤੁਹਾਨੂੰ ਲਿੰਗ ਭੇਦ ਅਧਿਆਦੇਸ਼ (SDO) ਦੁਆਰਾ ਸੁਰੱਖਿਅਤ ਕੀਤਾ ਗਿਆ ਹੈ।

ਤੁਹਾਨੂੰ ਲਿੰਗ ਭੇਦ ਅਧਿਆਦੇਸ਼ (SDO) ਦੁਆਰਾ ਅਸ਼ਲੀਲ ਹਰਕਤਾਂ ਦੇ ਵਿਰੁੱਧ ਸੁਰੱਖਿਅਤ ਕੀਤਾ ਗਿਆ ਹੈ।ਅਸ਼ਲੀਲ ਹਰਕਤ ਇੱਕ ਦੀਵਾਨੀ (ਮਨੁੱਖੀ ਸਮਾਜ ਪ੍ਰਤੀ )ਅਪਰਾਧ ਹੈ।ਕਾਨੂੰਨ ਸਾਨੂੰ ਦਸਦਾ ਹੈ ਕਿ ਅਸ਼ਲੀਲ ਹਰਕਤ ਇੱਕ ਅਣਚਾਹੀ ਤਵੱਜੋ / ਅਣਚਾਹਿਆ ਧਿਆਨ ਹੈ । ਇਸ ਵਿੱਚ ਸ਼ਾਮਿਲ ਹੈ ਤੁਹਾਨੂੰ ਛੂਹਣਾ, ਅਸ਼ਲੀਲ ਗੱਲਾਂ ਕਰਨੀਆਂ ਅਤੇ ਸੰਭੋਗ ਲਈ ਕਹਿਣਾ ।ਅਸ਼ਲੀਲ ਹਰਕਤ (ਯੌਨ ਉਤਪੀੜਨ) ਇਹ ਵੀ ਹੈ ਜਦੋਂ ਤੁਸੀਂ ਅਜਿਹੇ ਵਾਤਾਵਰਣ ਵਿੱਚ ਡਰਿਆ ਹੋਇਆ ਮਹਿਸੂਸ ਕਰੋ ਜੋ ਕਿ ਅਸ਼ਲੀਲ ਰੂਪ ਵਿੱਚ ਦੁਸ਼ਮਨੀ ਭਰਿਆ ਹੈ ।ਲਿੰਗ ਭੇਦ

ਅਧਿਆਦੇਸ਼ (SDO) ਤੁਹਾਨੂੰ ਨੌਕਰੀ ਵੇਲੇ ਜਾਂ ਵਿਦਿਅਕ ਸੰਸਥਾਵਾਂ ਵਿੱਚ ਹੋਣ ਵਾਲੀਆਂ ਅਸ਼ਲੀਲ ਹਰਕਤਾਂ ਦੇ ਵਿਰੁੱਧ ਅਤੇ ਵਸਤੂਆਂ, ਸਹੂਲਤਾਂ ਅਤੇ ਸੇਵਾਵਾਂ ਦੇਣ ਵਾਲੇ ਕਰਮਚਾਰੀਆਂ ਨੂੰ ਉਹਨਾਂ ਦੇ ਗ੍ਰਾਹਕਾਂ ਦੁਆਰਾ ਅਸ਼ਲੀਲ ਹਰਕਤ ਦੇ ਵਿਰੁੱਧ ਜਾਂ ਇਸਤੋਂ ਉਲਟ ਸਥਿਤੀ ਵਿੱਚ ਸੁਰੱਖਿਆ ਪ੍ਰਦਾਨ ਕਰਦਾ ਹੈ ।

**ਤੁਸੀਂ ਫਿਰ ਵੀ ਸੁਰੱਖਿਅਤ ਹੋ ਜੇ :**

- ਕਿਸੇ ਨੇ ਇਹ ਹੁੰਦਿਆਂ ਨਹੀਂ ਦੇਖਿਆ ।
- ਤੁਹਾਡੀ ਨੌਕਰੀ ਨਹੀਂ ਗਈ ।
- ਜੇ ਪਰੇਸ਼ਾਨ ਕਰਨ ਵਾਲਾ ਤੁਹਾਡਾ ਬੌਸ ਨਹੀਂ ਹੈ ਬਲਕਿ ਤੁਹਾਡਾ ਸਹਿਕਰਮੀਂ , ਸੇਵਾਵਾਂ ਮੁਹੱਈਆ ਕਰਾਉਣ ਵਾਲਾ ਜਾਂ ਗ੍ਰਾਹਕ ਹੈ ।
- ਜੇ ਤੁਹਾਡੇ ਨਾਲ ਕਦੀ ਖਿਲਵਾੜ ਕੀਤੀ ਗਈ ਹੈ ਜਾਂ ਅਸ਼ਲੀਲ ਵਿਹਾਰ ਕੀਤਾ ਗਿਆ ਹੈ – ਪਰ ਤੁਸੀਂ ਅਜਿਹਾ ਨਹੀਂ ਚਾਹੁੰਦੇ ਸੀ
- ਜੇ ਇਹ ਕੇਵਲ ਇੱਕ ਵਾਰੀ ਹੋਇਆ ਹੈ ।
- ਜੇ ਤੁਸੀਂ ਕਿਸੇ ਸਥਾਨਿਕ ਰਜਿਸਟਰਡ ਸਮੁੰਦਰੀ ਜਹਾਜ ਜਾਂ ਹਾਂਗਕਾਂਗ ਤੋਂ ਬਾਹਰ ਹਵਾਈ ਜਹਾਜ ਵਿੱਚ ਕੋਈ ਵਸਤੂ ,ਸਹੂਲਤਾਂ ਜਾਂ ਸੇਵਾਵਾਂ ਪ੍ਰਦਾਨ ਕਰ ਰਹੇ ਹੋ ਜਾਂ ਤਲਾਸ਼ ਕਰ ਰਹੇ ਹੋ ।

# ਜੇ ਤੁਹਾਡੇ ਨਾਲ ਅਸ਼ਲੀਲ ਹਰਕਤ ਕੀਤੀ ਗਈ ਹੈ ਤਾਂ ਤੁਸੀਂ ਕੀ ਕਰ ਸਕਦੇ ਹੋ ।

1. **"ਨਾਂਹ" ਕਹੋ ।**

   ਅਸ਼ਲੀਲ ਹਰਕਤ ਕਰਨ ਵਾਲੇ ਨੂੰ ਰੁਕਣ ਲਈ ਕਹੋ । ਅਸ਼ਲੀਲ ਹਰਕਤ ਕਰਨ ਵਾਲੇ ਨੂੰ ਕਹੋ ਕਿ ਤੁਹਾਨੂੰ ਇਸਤਰ੍ਹਾਂ ਦੇ ਅਸ਼ਲੀਲ ਵਿਹਾਰ ਦੀ ਲੋੜ ਨਹੀਂ ਹੈ ।ਜੇ ਇਹ ਦੋਬਾਰਾਂ ਹੁੰਦਾ ਹੈ ਤਾਂ ਅਸ਼ਲੀਲ ਹਰਕਤ ਕਰਨ ਵਾਲੇ ਨੂੰ ਇੱਕ ਚਿੱਠੀ ਭੇਜੋ ਤੇ ਉਸਦੀ ਇੱਕ ਕਾਪੀ ਆਪਣੇ ਕੋਲ ਰੱਖੋ ।
2. **ਲਿਖ ਕੇ ਰੱਖੋ ਕਿ ਕੀ ਹੋਇਆ ।**
   ਤਰੀਕ , ਸਮਾਂ ਤੇ ਜਗ੍ਹਾ ਰਿਕਾਰਡ ਕਰੋ । ਉਸ ਵਿੱਚ ਸ਼ਾਮਿਲ ਕਰੋ ਕਿ ਉਸ ਵਿਅਕਤੀ ਨੇ ਤੁਹਾਨੂੰ ਕੀ ਕਿਹਾ।ਜੇ ਉਸਨੇ ਤੁਹਾਨੂੰ ਛੂਹਿਆ, ਲਿਖੋ ਕਿ ਉਸਨੇ ਕਿੱਥੇ ਛੂਹਿਆ ਤੇ ਉਥੇ ਕੌਣ ਸੀ ।ਅਜਿਹੇ ਰਿਕਾਰਡ ਦੀ ਕਾਪੀ ਘਰ ਰੱਖੋ ।ਇਹ ਤੁਹਾਡੇ ਲਈ ਫਾਇਦੇਮੰਦ ਹੋ ਸਕਦਾ ਹੈ ਜੇ ਤੁਸੀਂ ਅਸ਼ਲੀਲ ਹਰਕਤ ਕਰਨ ਵਾਲੇ ਦੇ ਵਿਰੁੱਧ /ਉਸ ਸੰਸਥਾ ਦੇ ਵਿਰੁੱਧ ਕਾਨੂੰਨੀ ਕਾਰਵਾਈ ਕਰਨ ਦਾ ਫੈਸਲਾ ਲਿਆ ਹੈ ।
3. **ਆਪਣੇ ਦੋਸਤਾਂ, ਪਰਿਵਾਰ ਵਾਲਿਆਂ ਅਤੇ ਸਹਿਕਰਮੀਆਂ ਕੋਲੋਂ ਹਿਮਾਇਤ ਹਾਸਿਲ ਕਰੋ ।**

   ਕੁਝ ਲੋਕ ਪਰੇਸ਼ਾਨੀ ਕਾਰਣ ਨਿਰਾਸ਼ ਹੋ ਜਾਂਦੇ ਹਨ, ਕਲੰਕਿਤ ਮਹਿਸੂਸ ਕਰਦੇ ਹਨ , ਸਿਰ ਦਰਦ ਮਹਿਸੂਸ ਕਰਦੇ ਹਨ ਜਾਂ ਉਹਨਾਂ ਨੂੰ ਉਲਟੀ ਆਉਂਦੀ ਹੈ । ਆਪਣਾ ਖਿਆਲ ਰੱਖੋ ।ਜੇ ਤੁਹਾਨੂੰ ਡਰ ਹੈ ਕਿ ਤੁਹਾਡੀ ਨੌਕਰੀ ਚਲੇ ਜਾਏਗੀ ਤਾਂ ਇਹ ਪਤਾ ਕਰਨ ਦੀ ਕੋਸ਼ਿਸ਼ ਕਰੋ ਕਿ ਤੁਹਾਡੇ ਦੂਜੇ ਸਹਿਕਰਮੀਆਂ ਨੂੰ ਵੀ ਕੰਪਨੀ ਵਿੱਚ ਅਜਿਹੀ ਸਥਿਤੀ ਦਾ ਸਾਹਮਣਾ ਕਰਨਾ ਪਿਆ ਹੈ ।ਉਹਨਾਂ ਦੇ ਨਾਲ ਮਿਲੋ ਤੇ ਸਮੱਸਿਆ ਦਾ ਹੱਲ ਖੋਜਣ ਦੀ ਕੋਸ਼ਿਸ਼ ਕਰੋ ।

4. **ਜੇ ਤੁਹਾਡੀ ਕੋਈ ਯੂਨੀਅਨ (ਸੰਗਠਨ) ਹੈ ਤਾਂ ਤੁਸੀਂ ਉਸਦੇ ਨੁਮਾਇੰਦਿਆਂ ਨਾਲ ਗੱਲ ਕਰ ਸਕਦੇ ਹੋ ।**
5. **ਕਿਸੇ ਗੈਰ ਸਰਕਾਰੀ ਸੰਸਥਾ ਕੋਲੋਂ ਜਾਂ ਹੋਰ ਸੰਬੰਧਿਤ ਸੰਸਥਾਵਾਂ ਕੋਲੋਂ ਹਿਮਾਇਤ ਲੈ ਸਕਦੇ ਹੋ ।**
6. **ਆਪਣੇ ਮਾਲਿਕ ਨਾਲ ਗੱਲ ਕਰੋ ।**
   ਤੁਹਾਡੇ ਮਾਲਿਕ ਕੋਲ ਯੌਨ ਉਤਪੀੜਨ /ਅਸ਼ਲੀਲ ਹਰਕਤ ਦੇ ਵਿਰੁੱਧ ਕੋਈ ਲਿਖਤੀ ਨੀਤੀ ਅਤੇ ਸ਼ਿਕਾਇਤ ਕਰਨ ਦਾ ਤਰੀਕਾ ਹੋਣਾ ਚਾਹੀਦਾ ਹੈ ।ਆਪਣੀ ਕਰਮਚਾਰੀਆਂ ਨੂੰ ਦਿੱਤੀ ਜਾਣ ਵਾਲੀ ਹੈਂਡਬੁੱਕ ਦੇਖੋ ਜਾਂ ਕਾਰਮਿਕ ਵਿਭਾਗ (ਪਰਸੋਨਲ ਵਿਭਾਗ) ਨਾਲ ਗੱਲ ਕਰੋ ।ਜੇ ਪਰੇਸ਼ਾਨ ਕਰਨ ਵਾਲਾ ਵਿਅਕਤੀ ਤੁਹਾਡਾ ਗ੍ਰਾਹਕ ਹੈ, ਤਾਂ ਆਪਣੇ ਨਿਗਰਾਨ ਅਧਿਕਾਰੀ ਜਾਂ ਮਾਲਿਕ ਨੂੰ ਤੁਰੰਤ ਚੇਤਾਵਨੀ ਦਿਓ ਤਾਂ ਕਿ ਉਚਿਤ ਵਿਹਾਰਕ ਕਦਮ ਉਠਾਏ ਜਾ ਸਕਣ ।
7. **ਆਪਣੇ ਕੰਮ ਦਾ ਰਿਕਾਰਡ ਰੱਖੋ ।**
   ਆਪਣੀ ਨੌਕਰੀ ਸੰਬੰਧੀ ਮੁਲਾਂਕਣਾਂ ਅਤੇ ਚਿੱਠੀਆਂ ਤੇ ਮੀਮੋ ਦੀ ਕਾਪੀ ਆਪਣੇ ਘਰ ਰੱਖੋ ਇਹ ਦਿਖਾਉਣ ਲਈ ਕਿ ਤੁਸੀਂ ਆਪਣਾ ਕੰਮ ਚੰਗੀ ਤਰ੍ਹਾਂ ਕੀਤਾ ਹੈ ।ਪਰੇਸ਼ਾਨ ਕਰਨ ਵਾਲਾ ਵਿਅਕਤੀ ਆਪਣੇ ਵਿਹਾਰ ਨੂੰ ਬਚਾਉਣ ਲਈ ਤੁਹਾਡੇ ਕੰਮ ਦੀ ਕਾਰਜਕੁਸ਼ਲਤਾ ਤੇ ਸਵਾਲ ਖੜਾ ਕਰ ਸਕਦਾ ਹੈ ।
8. **ਸਮਾਨ ਮੌਕਾ ਆਯੋਗ (EOC) ਕੋਲ ਸ਼ਿਕਾਇਤ ਦਰਜ ਕਰਾਓ ।**

   ਸਮਾਨ ਮੌਕਾ ਆਯੋਗ (EOC)ਤੁਹਾਡੀ ਮਦਦ ਲਈ ਹੈ।ਤੁਸੀਂ ਸਮਾਨ ਮੌਕਾ ਆਯੋਗ (EOC) ਕੋਲੋਂ ਇਸਦਾ ਨਿਵਾਰਣ ਕਰ ਸਕਦੇ ਹੋ ।

9. **ਆਪਣੇ ਕਾਨੂੰਨੀ ਹੱਕਾਂ ਬਾਰੇ ਹੋਰ ਜਾਣੋ ।**
   ਤੁਸੀਂ ਵਕੀਲ ਨਾਲ ਗੱਲ ਕਰ ਸਕਦੇ ਹੋ ਅਤੇ ਜਿਲ੍ਹਾ ਅਦਾਲਤ ਵਿੱਚ ਮੁਕੱਦਮਾਂ ਵੀ ਦਾਇਰ ਕਰ ਸਕਦੇ ਹੋ।

# ਤੁਸੀਂ ਅਸ਼ਲੀਲ ਹਰਕਤਾਂ ਨੂੰ ਰੋਕ ਸਕਦੇ ਹੋ ।

ਬਹੁਤ ਸਾਰੇ ਲੋਕ ਪੱਖਪਾਤ ਦੇ ਖਿਲਾਫ ਲੜੇ ਹਨ ਅਤੇ ਉਹਨਾਂ ਨੇ ਆਪਣੀ ਨੌਕਰੀਸ਼ੁਦਾ ਜਿੰਦਗੀ ਵਿੱਚ ਸੁਧਾਰ ਕੀਤਾ ਹੈ ।ਪਹਿਲਾ ਕਦਮ ਹੈ ਕਾਨੂੰਨ ਦੇ ਤਹਿਤ ਆਪਣੇ ਹੱਕਾਂ ਤੋਂ ਜਾਣੂ ਹੋਣਾ ।ਤੁਸੀਂ ਕਰ ਸਕਦੇ ਹੋ:

- ਜਿਲਾ ਅਦਾਲਤ ਵਿੱਚ ਮੁਕਦਮਾਂ ਦਾਇਰ ਕਰ ਸਕਦੇ ਹੋ ।
- ਸਮਾਨ ਅਵਸਰ ਆਯੋਗ ਨੂੰ ਸ਼ਿਕਾਇਤ ਦਰਜ ਕਰੋ ਅਤੇ ਸਮੱਸਿਆ ਦਾ ਹੱਲ ਗੱਲਬਾਤ ਰਾਹੀਂ ਹੱਲ ਕਰਨ ਦੀ ਕੋਸ਼ਿਸ਼ ਕਰੋ ।ਸਮਝੌਤੇ ਦੀਆਂ ਸ਼ਰਤਾਂ ਵਿੱਚ ਸ਼ਾਮਿਲ ਹੋ ਸਕਦਾ ਹੈ : ਉਸ ਵਿਹਾਰ ਜਾਂ ਅਭਿਆਸ ਨੂੰ ਬੰਦ ਕਰਨ ਦੀ ਜਿੰਮੇਵਾਰੀ ਲੈਣੀ ;ਮਾਫੀ ਦੀ ਚਿੱਠੀ (ਮਾਫੀਨਾਮਾ); ਕੰਪਨੀ ਵੱਲੋਂ ਅਸ਼ਲੀਲ ਹਰਕਤ ਤੇ ਰੋਕ ਲਾਉਣ ਲਈ ਨੀਤੀ ਬਣਾਉਣਾ ; ਸਿਖਲਾਈ ਦੇਣਾ; ਜਾਂ ਮੁਆਵਜ਼ਾ ਦੇਣਾ ।
- ਸਮਾਨ ਅਵਸਰ ਆਯੋਗ ਕੋਲੋਂ ਕਾਨੂੰਨੀ ਮਦਦ ਲੈਣਾ ਜੇ ਗੱਲਬਾਤ ਨਾਲ ਕਾਮਯਾਬੀ ਨਹੀਂ ਹੋਈ ।
- ਵਧੇਰੇ ਜਾਣਕਾਰੀ ਲਈ ਸਮਾਨ ਅਵਸਰ ਆਯੋਗ (EOC) ਦੀ ਵੈਬਸਾਇਟ ਦੇਖੋ ਅਤੇ ਨਿਰਧਾਰਿਤ ਸਮੇਂ ਤੇ ਗੱਲਬਾਤ ਵਿੱਚ ਸ਼ਾਮਿਲ ਹੋਵੋ, ਜਾਂ ਆਪਣੀ ਕੰਪਨੀ ਨੂੰ ਕਹੋ ਕਿ ਉਹ EOC ਨੂੰ ਕਰਮਚਾਰੀਆਂ ਨਾਲ ਗੱਲਬਾਤ ਲਈ ਬੁਲਾਵੇ ।

# ਮਦਦ ਕਿੱਥੋਂ ਲਈ ਜਾਵੇ ?

ਸਮਾਨ ਅਵਸਰ ਆਯੋਗ ਤੁਹਾਡੀ ਮਦਦ ਲਈ ਹੈ ।ਅਸ਼ਲੀਲ ਹਰਕਤ ਦੇ ਖਿਲਾਫ ਸਾਧਨਾਂ ਅਤੇ ਪੱਖਪਾਤ ਜਾਂ ਭੇਦਭਾਵ ਸੰਬੰਧੀ ਕਾਨੂੰਨਾ ਦੇ ਸੰਬੰਧ ਵਿੱਚ ਜਿਵੇਂ ਕਿ "ਅਪਾਹਜਤਾ ਪੱਖਪਾਤ ਅੱਧਿਆਦੇਸ਼ ਤੇ ਮੈਂ" ( "DDO and I" ), "ਲਿੰਗ ਭੇਦ ਅਧਿਆਦੇਸ਼ ਤੇ ਮੈਂ ( "SDO and I" )", "ਪਰਿਵਾਰਕ ਹੈਸੀਅਤ ਸੰਬੰਧੀ ਪੱਖਪਾਤ ਅੱਧਿਆਦੇਸ਼ ਅਤੇ ਮੈਂ ( "FSDO and I" )", ਅਤੇ "ਨਸਲ ਭੇਦ ਅੱਧਿਆਦੇਸ਼ ਅਤੇ ਮੈ ( "RDO and I" )" ਸੰਬੰਧੀਂ ਵਿਦਿਅੱਕ ਜਾਣਕਾਰੀ ਲਈ ਸਮਾਨ ਅਵਸਰ ਆਯੋਗ ਦੀ ਵੈਬਸਾਈਟ www.eoc.org.hk ਦੇਖ ਸਕਦੇ ਹੋ ।ਲਿੰਗ ਭੇਦ, ਗੱਰਭ ਸੰਬੰਧੀ ਪੱਖਪਾਤ ਅਤੇ ਹੋਰ ਖੇਤਰਾਂ ਵਿੱਚ" ਆਪਣੇ ਹੱਕਾਂ ਨੂੰ ਜਾਣੋਂ" ਦੀ ਲੜੀ ਵੀ ਮੌਜੂਦ ਹੈ ।

| | |
|---|---|
| ਪਤਾ: | 16/F., 41 Heung Yip Road,<br>Wong Chuk Hang, Hong Kong |
| ਟੈਲੀਫੋਨ: | 2511 8211 |
| ਫੈਕਸ: | 2877 7600 |
| ਈਮੇਲ: | eoc@eoc.org.hk |
| ਐਸ ਐਮ ਐਸ ਸਰਵਿਸ | 6972566616538 (ਉਹਨਾਂ ਲੋਕਾਂ ਲਈ ਜਿੰਨਾਂ ਨੂੰ ਸੁਨਣ ਸੰਬੰਧੀ ਜਾਂ ਬੋਲਣ ਸੰਬੰਧੀ ਕੋਈ ਮੁਸ਼ਕਿਲ ਹੈ ) |